# ਟਰਾਂਸਪੋਰਟੇਸ਼ਨ ਨੈੱਟਵਰਕ ਸੇਵਾਵਾਂ ਦੀ ਜਾਣ-ਪਛਾਣ

- ਬੀ.ਸੀ. ਵਿੱਚ ਟਰਾਂਸਪੋਰਟ ਨੈੱਟਵਰਕ ਸੇਵਾਵਾਂ ਕਹਾਉਣ ਵਾਲੀ ਰਾਈਡ ਹੇਲਿੰਗ ਦੀ ਸ਼ੁਰੂਆਤ ਨਾਲ ਜਨਤਾ ਨੂੰ ਆਵਾਜਾਈ ਦੇ ਵਧੇਰੇ ਵਿਕਲਪ ਮਿਲਣਗੇ।

- ਰਾਈਡ ਹੇਲਿੰਗ ਜਨਤਾ ਲਈ ਸੇਵਾ ਦੇ ਜ਼ਿਆਦਾ ਮੌਕੇ ਪੈਦਾ ਕਰਦੀ ਹੈ।

- ਸੁਰੱਖਿਆ ਮੁੱਖ ਤਰਜੀਹ ਹੈ-ਯਾਤਰੀਆਂ ਅਤੇ ਡਰਾਈਵਰਾਂ ਦੋਹਾਂ ਦੀ ਸੁਰੱਖਿਆ।

- ਕਾਨੂੰਨ ਦੇ ਕੁਝ ਹਿੱਸੇ 3 ਸਤੰਬਰ 2019 ਨੂੰ ਲਾਗੂ ਹੋਣਗੇ, ਜਦੋਂ ਅਸੀਂ ਟੀ ਐੱਨ ਐੱਸ ਦੀਆਂ ਅਰਜ਼ੀਆਂ ਸਵੀਕਾਰ ਕਰਾਂਗੇ। ਅਰਜ਼ੀਆਂ ਦੀ ਪ੍ਰਕ੍ਰਿਆ, ਸਮੀਖਿਆ ਅਤੇ ਫੈਸਲਾ ਲੈਣ ਅਤੇ ਲਾਇਸੈਂਸ ਜਾਰੀ ਕਰਨ ਲਈ ਵਿਧਾਨਕ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਸਮੇਂ ਦੀ ਲੋੜ ਹੋਵੇਗੀ। ਉਮੀਦ ਕੀਤੀ ਜਾਂਦੀ ਹੈ ਕਿ ਇਸ ਸਾਲ ਦੇ ਅੰਤ ਤੱਕ ਸੂਬੇ ਦੇ ਕੁਝ ਹਿੱਸਿਆਂ ਵਿੱਚ ਟਰਾਂਸਪੋਰਟੇਸ਼ਨ ਨੈੱਟਵਰਕ ਸੇਵਾਵਾਂ ਉਪਲੱਬਧ ਹੋਣਗੀਆਂ।

*ਟੀ ਐੱਨ ਐੱਸ ਫਲੀਟ ਦੇ ਆਕਾਰ ਸੰਬੰਧੀ:*

- ਇਸ ਸਮੇਂ ਫਲੀਟ ਦੇ ਆਕਾਰ 'ਤੇ ਕੋਈ ਸੀਮਾ ਨਹੀਂ ਹੈ।
- ਪੈਸੇਂਜਰ ਟਰਾਂਸਪੋਰਟੇਸ਼ਨ ਬੋਰਡ ਟੀ ਐੱਨ ਐੱਸ ਦੀ ਕਾਰਗੁਜ਼ਾਰੀ ਵਾਲੇ ਡੈਟਾ ਦੀ ਨਿਗਰਾਨੀ ਕਰੇਗਾ ਅਤੇ ਜਿਵੇਂ ਹੀ ਡੈਟਾ ਉਪਲੱਬਧ ਹੋਵੇਗਾ ਇਸ ਦਾ ਪੁਨਰ-ਮੁਲਾਂਕਣ ਕੀਤਾ ਜਾਵੇਗਾ।

*ਟੀ ਐੱਨ ਐੱਸ ਦੀਆਂ ਦਰਾਂ ਸੰਬੰਧੀ:*

- ਟਰਾਂਸਪੋਰਟੇਸ਼ਨ ਪੈਸੇਂਜਰ ਬੋਰਡ ਘੱਟੋ-ਘੱਟ ਰੇਟ ਤੈਅ ਕਰੇਗਾ ਜੋ ਟਰਾਂਸਪੋਰਟੇਸ਼ਨ ਨੈੱਟਵਰਕ ਸਰਵਿਸ ਓਪਰੇਟਿੰਗ ਖੇਤਰ ਵਿੱਚ ਟੈਕਸੀ ਫ਼ਲੈਗ ਰੇਟ ਦੇ ਆਧਾਰ 'ਤੇ ਚਾਰਜ ਕਰ ਸਕਦੀ ਹੈ।

- ਟਰਾਂਸਪੋਰੇਟਸ਼ਨ ਨੈੱਟਵਰਕ ਸੇਵਾਵਾਂ ਇਸ ਘੱਟੋ-ਘੱਟ ਰੇਟ ਤੋਂ ਘੱਟ ਲੈਣ ਲਈ ਕੂਪਨ ਜਾਂ ਛੋਟ ਦੀ ਵਰਤੋਂ ਨਹੀਂ ਕਰ ਸਕਦੀਆਂ।

*ਟੀ ਐੱਨ ਐੱਸ ਓਪਰੇਟਿੰਗ ਖੇਤਰਾਂ ਬਾਰੇ:*

- ਟਰਾਂਸਪੋਰਟੇਸ਼ਨ ਨੈੱਟਵਰਕ ਸੇਵਾਵਾਂ ਕੋਲ ਟੈਕਸੀਆਂ ਨਾਲੋਂ ਵੱਡੇ ਓਪਟੇਰਿੰਗ ਖੇਤਰ ਹੋਣਗੇ ਕਿਉਂਕਿ ਉਹਨਾਂ ਨੂੰ ਆਪਣੇ ਵਪਾਰਕ ਮਾਡਲ ਦੇ ਤਹਿਤ ਇਸਦੀ ਜ਼ਰੂਰਤ ਹੈ। ਇਹ ਮਾਡਲ ਗੱਡੀਆਂ, ਡਰਾਈਵਰਾਂ ਅਤੇ ਯਾਤਰੀਆਂ ਦੀ ਇੱਕ ਵੱਡੀ ਗਿਣਤੀ ਉੱਪਰ ਨਿਰਭਰ ਕਰਦਾ ਹੈ ਜੋ ਕਿਰਾਏ ਨੂੰ ਨਿਰਧਾਰਤ ਕਰਨ ਅਤੇ ਇੱਕਤਰ ਕਰਨ ਲਈ ਐਪ ਦੀ ਵਰਤੋਂ ਕਰਦੇ ਹਨ।

- ਟੈਕਸੀ ਸੰਚਾਲਨ ਖੇਤਰ ਬਹੁਤ ਸਾਲਾਂ ਤੋਂ ਚੱਲ ਰਹੇ ਹਨ। ਟੈਕਸੀ ਓਪਰੇਟਿੰਗ ਖੇਤਰਾਂ ਨੂੰ ਸੰਸ਼ੋਧਿਤ ਕਰਨ ਲਈ ਪੈਸੇਂਜਰ ਟਰਾਂਸਪੋਰਟੇਸ਼ਨ ਬੋਰਡ ਨੂੰ ਡੈਟਾ ਦੀ ਜ਼ਰੂਰਤ ਹੁੰਦੀ ਹੈ। ਇਸ ਕੋਲ ਹੁਣ ਲੋੜੀਂਦਾ ਡੈਟਾ ਇੱਕਠਾ ਕਰਨ ਦਾ ਅਧਿਕਾਰ ਹੈ ਅਤੇ ਡੈਟਾ ਸਪਲਾਈ ਕੀਤੇ ਜਾਣ 'ਤੇ ਵਿਸ਼ਲੇਸ਼ਣ ਕੀਤਾ ਜਾਵੇਗਾ।

- ਵੈਨਕੂਵਰ ਵਿੱਚ ਕੰਮ ਕਰ ਰਹੀਆਂ ਟੀ ਐੱਨ ਐੱਸ ਕੰਪਨੀਆਂ ਨੂੰ ਕਰੂਜ਼ ਸ਼ਿੱਪ ਦੇ ਦਿਨਾਂ ਵਿੱਚ ਕੈਨੇਡਾ ਪਲੇਸ ਦੇ ਆਸ ਪਾਸ ਤੋਂ ਯਾਤਰੀਆਂ ਨੂੰ ਚੁੱਕਣ 'ਤੇ ਪਾਬੰਦੀ ਹੋਵੇਗੀ। ਇਹ ਇੱਕ ਸੁਰੱਖਿਆ ਉਪਾਅ ਹੈ ਇਹ ਯਕੀਨੀ ਬਣਾਉਣ ਲਈ ਕਿ ਟਰੈਫਿਕ ਸਹੀ ਚੱਲਦਾ ਰਹੇ ਅਤੇ ਪੈਦਲ ਯਾਤਰੀ ਸੁਰੱਖਿਅਤ ਢੰਗ ਨਾਲ ਚਲ ਸਕਣ। ਇਸ ਜੀਓ ਫੈਨਸਿੰਗ (ਹੱਦਬੰਦੀ) ਨਾਲ ਕੋਲ ਹਾਰਬਰ ਪ੍ਰਭਾਵਿਤ ਨਹੀਂ ਹੋਵੇਗਾ।

*ਡੈਟਾ ਜ਼ਰੂਰਤਾਂ ਸੰਬੰਧੀ:*

- ਬੋਰਡ ਦੁਆਰਾ ਸਥਾਪਤ ਡੈਟਾ ਜ਼ਰੂਰਤਾਂ ਟੀ ਐੱਨ ਐੱਸ ਲਾਇਸੈਂਸ ਦੀ ਸ਼ਰਤ ਅਤੇ ਨਿਯਮ ਹੋਣਗੇ।

*ਟੈਕਸੀਆਂ 'ਤੇ ਪ੍ਰਭਾਵ:*

- ਸੂਬੇ ਵਿੱਚ ਟੈਕਸੀ ਉਦਯੋਗ ਆਵਾਜਾਈ ਨੈੱਟਵਰਕ ਦਾ ਮਹੱਤਵਪੂਰਣ ਹਿੱਸਾ ਰਹੇਗਾ।

- ਟੈਕਸੀ ਕੰਪਨੀਆਂ ਟਰਾਂਸਪੋਰਟੇਸ਼ਨ ਨੈੱਟਵਰਕ ਸਰਵਿਸ (ਟੀ ਐੱਨ ਐੱਸ) ਲਾਇਸੈਂਸ ਲਈ ਅਰਜ਼ੀ ਦੇ ਸਕਦੀਆਂ ਹਨ। ਜੇ ਉਹਨਾਂ ਨੂੰ ਟਰਾਂਸਪੋਰਟੇਸ਼ਨ ਨੈੱਟਵਰਕ ਦੇ ਤੌਰ 'ਤੇ ਲਾਇਸੈਂਸ ਮਿਲ ਜਾਂਦਾ ਹੈ ਤਾਂ ਟੀ ਐੱਨ ਐੱਸ ਵਜੋਂ ਓਪਰੇਟ ਕਰਦੇ ਹੋਏ ਟੈਕਸੀ ਟੀ ਐੱਨ ਐੱਸ ਨਿਯਮਾਂ ਦੇ ਅਧੀਨ ਕੰਮ ਕਰੇਗੀ, ਜਿਸ ਵਿੱਚ ਪ੍ਰਭਾਸ਼ਿਤ ਟੀ ਐੱਨ ਐੱਸ ਦੀਆਂ ਹੱਦਾਂ ਵਿੱਚ ਕੰਮ ਕਰਨ ਦੀ ਲਚਕਤਾ ਸ਼ਾਮਲ ਹੁੰਦੀ ਹੈ।

- ਟੈਕਸੀਆਂ ਵਿੱਚ ਲਾਜ਼ਮੀ ਤੌਰ 'ਤੇ ਕੈਮਰੇ ਹੋਣੇ ਚਾਹੀਦੇ ਹਨ। ਟੈਕਸੀਆਂ ਲੋਕਾਂ ਦੀ ਮੰਗ ਅਨੁਸਾਰ ਸੜਕਾਂ 'ਤੇ ਮੌਜੂਦ ਹੋਣ ਜਾਂ ਡਿਸਪੈਚ ਕੀਤੀਆਂ ਜਾ ਸਕਣ।

- ਬਹੁਤ ਸਾਰੀਆਂ ਟੈਕਸੀਆਂ ਵੀਲ੍ਹਚੇਅਰ ਸਹੂਲਤ ਦੀ ਪੇਸ਼ਕਸ਼ ਵੀ ਕਰਦੀਆਂ ਹਨ।